**ਜ਼ਿਲ੍ਹੇ ਵਿੱਚ ਮਗਨਰੇਗਾ ਸਕੀਮ ਅਧੀਨ ਹੁਣ ਤੱਕ 83160 ਪਰਿਵਾਰਾਂ ਦੇ ਜਾੱਬ ਕਾਰਡ ਤਿਆਰ ਕਰਕੇ 145628 ਵਰਕਰ ਰਜਿਸਟਰ ਕੀਤੇ-ਡਿਪਟੀ ਕਮਿਸ਼ਨਰ**

- *ਮਗਨਰੇਗਾ ਸਕੀਮ ਤਹਿਤ ਮਜ਼ਦੂਰਾਂ ਨੂੰ ਦਿੱਤਾ ਜਾ ਰਿਹਾ ਹੈ ਸਾਲ ਵਿੱਚ 100 ਦਿਨ ਦਾ ਰੋਜ਼ਗਾਰ*
- *ਸਕੀਮ ਅਧੀਨ ਮਹਿਲਾਵਾਂ ਨੂੰ ਦਿੱਤਾ ਜਾਂਦਾ ਹੈ ਪੁਰਖਾਂ ਦੇ ਬਰਾਬਰ ਕਾਰਜ ਕਰਨ ਦਾ ਅਧਿਕਾਰ*

ਤਰਨਤਾਰਨ, 24 ਅਗਸਤ :

ਸਰਕਾਰ ਵੱਲੋ ਪੇਂਡੂ ਖੇਤਰ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਚਲਾਈ ਜਾ ਰਹੀ ਮਗਨਰੇਗਾ ਸਕੀਮ ਤਹਿਤ ਮਜ਼ਦੂਰਾਂ ਨੂੰ ਸਾਲ ਵਿੱਚ 100 ਦਿਨ ਦਾ ਰੋਜ਼ਗਾਰ ਦਿੱਤਾ ਜਾ ਰਿਹਾ ਹੈ, ਇਸ ਸਕੀਮ ਅਧੀਨ ਜ਼ਿਲ੍ਹੇ ਦੇ ਹਜ਼ਾਰਾਂ ਮਜ਼ਦੂਰ ਪਰਿਵਾਰਾਂ ਨੂੰ ਲਾਭ ਮਿਲ ਰਿਹਾ ਹੈ। ਇਸ ਸਬੰਧੀ ਕੀਤੀ ਵਿਸੇਸ਼ ਮੀਟਿੰਗ ਦੌਰਾਨ ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨਤਾਰਨ ਸ੍ਰੀ ਪਰਦੀਪ ਕੁਮਾਰ ਸੱਭਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਤਰਨਤਾਰਨ ਵਿੱਚ ਮਗਨਰੇਗਾ ਸਕੀਮ ਅਧੀਨ ਹੁਣ ਤੱਕ 83 ਹਜ਼ਾਰ 160 ਪਰਿਵਾਰਾਂ ਦੇ ਜਾੱਬ ਕਾਰਡ ਤਿਆਰ ਕਰਕੇ 145628 ਵਰਕਰ ਰਜਿਸਟਰ ਕੀਤੇ ਗਏ ਹਨ। ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਪ੍ਰੋ. ਰਕੇਸ਼ ਕੁਮਾਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸ੍ਰੀ ਜਗਜੀਤ ਸਿੰਘ ਤੋ ਇਲਾਵਾ ਹੋਰ ਆਧਿਕਾਰੀ ਵੀ ਹਾਜ਼ਰ ਸਨ ।



ਉਨਾਂ ਦੱਸਿਆ ਕਿ ਜ਼ਿਲਾ ਤਰਨਤਾਰਨ ਵਿੱਚ ਵਿੱਤੀ ਸਾਲ 2017-18 ਦੌਰਾਨ ਹੁਣ ਤੱਕ 8200 ਜਾੱਬ ਕਾਰਡ ਆਧਾਰਿਤ ਪਰਿਵਾਰਾਂ ਨੂੰ 9119 ਵਰਕਰਾਂ ਨੂੰ ਰੋਜ਼ਗਾਰ ਦਿੱਤਾ ਗਿਆ ਹੈ ਅਤੇ ਸਾਲ 2017-18 ਦੌਰਾਨ ਇਸ ਸਕੀਮ ਅਧੀਨ 4 ਕਰੋੜ 29 ਲੱਖ 71 ਹਜ਼ਾਰ ਰੁਪਏ ਦੇ ਫੰਡ ਖਰਚ ਕੀਤੇ ਜਾ ਚੁੱਕੇ ਹਨ। ਇਸ ਸਕੀਮ ਅਧੀਨ 2 ਕਰੋੜ 38 ਲੱਖ 34 ਹਜ਼ਾਰ ਰੁਪਏ ਗ੍ਰਾਮ ਪੰਚਾਇਤਾਂ ਵਿੱਚ ਕਾਰਜ ਕਰ ਰਹੇ ਜਾੱਬ ਕਾਰਡ ਪਰਿਵਾਰਾਂ ਦੀ ਦਿਹਾੜੀਆਂ 'ਤੇ ਖਰਚ ਕੀਤੇ ਗਏ ਹਨ ਅਤੇ 1 ਕਰੋੜ 91 ਲੱਖ 37 ਹਜ਼ਾਰ ਰੁਪਏ ਮਟੀਰੀਅਲ 'ਤੇ ਖਰਚ ਕੀਤੇ ਗਏ ਹਨ।

ਉਹਨਾਂ ਦੱਸਿਆ ਕਿ ਮਗਨਰੇਗਾ ਸਕੀਮ ਅਧੀਨ ਸਰਕਾਰ ਵੱਲੋਂ ਗਰਾਮ ਪੰਚਾਇਤਾਂ ਦੇ ਵਸਨੀਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਇੱਕ ਵਿੱਤੀ ਸਾਲ ਦੌਰਾਨ ਜਾੱਬ ਕਾਰਡ ਧਾਰਕ ਪਰਿਵਾਰ ਨੂੰ 100 ਦਿਨ ਦਾ ਰੋਜ਼ਗਾਰ ਦਿੱਤਾ ਜਾਂਦਾ ਹੈ ਅਤੇ ਉਨਾਂ ਦੀ ਦਿਹਾੜੀਆਂ ਦਾ ਭੁਗਤਾਨ 233 ਰੁਪਏ ਪ੍ਰਤੀ ਦਿਹਾੜੀ ਦੇ ਹਿਸਾਬ ਨਾਲ ਉਨਾਂ ਦੇ ਬੈਂਕ ਖਾਤੇ ਵਿੱਚ ਆਨਲਾਈਨ ਸਿਸਟਮ ਰਾਹੀਂ ਕੀਤਾ ਜਾਂਦਾ ਹੈ ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਗਨਰੇਗਾ ਸਕੀਮ ਨੇ ਪੇਂਡੂ ਲੋਕਾਂ ਦੀ ਜਿੱਥੇ ਵਿੱਤੀ ਜਰੁਰਤਾਂ ਪੂਰੀ ਕੀਤੀ ਹੈ। ਉੱਥੇ ਹੀ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਕਰਨ ਲਈ ਅਹਿਮ ਯੋਗਦਾਨ ਦਿੱਤਾ ਹੈ। ਇਸ ਸਕੀਮ ਅਧੀਨ ਮਹਿਲਾਵਾਂ ਨੂੰ ਪੁਰਖਾਂ ਦੇ ਬਰਾਬਰ ਕਾਰਜ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ। ਮਗਨਰੇਗਾ ਸਕੀਮ ਅਧੀਨ ਰਜਿਸਟਰ ਕੀਤੇ ਗਏ ਜਾੱਬ ਕਾਰਡ ਧਾਰਕ ਪਰਿਵਾਰਾਂ ਨੂੰ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਆਧਾਰ ਕਾਰਡ ਦੇ ਨਾਲ ਜੋੜਿਆ ਜਾ ਰਿਹਾ ਹੈ। ਜ਼ਿਲਾ ਤਰਨਤਾਰਨ ਵਿੱਚ ਹੁਣ ਤੱਕ 32049 ਐਕਟਵ ਵਰਕਰਾਂ ਵਿੱਚੋਂ 31272 ਵਰਕਰਾਂ ਦੀ ਆਧਾਰ ਸੰਬੰਧੀ ਸੂਚਨਾ ਆਨ ਲਾਈਨ ਕਰ ਦਿੱਤੀ ਗਈ ਹੈ।

ਉਨਾਂ ਦੱਸਿਆ ਕਿ ਮਗਨਰੇਗਾ ਸਕੀਮ ਅਧੀਨ ਕੱਚੇ ਰਸਤੇ ਪੱਕੇ ਕਰਨ, ਨਹਿਰਾਂ ਦੀ ਸਫ਼ਾਈ, ਘਰੇਲੂ ਸਕੂਲਾਂ ਅਤੇ ਆਂਗਨਵਾੜੀ ਕੇਂਦਰਾਂ ਦੀ ਉਸਾਰੀ, ਪੌਦੇ ਲਗਾਉਣ ਸਬੰਧੀ, ਗਲੀਆਂ-ਨਾਲੀਆਂ ਪੱਕੀਆਂ ਕਰਨ, ਪਾਣੀ ਜਮ੍ਹਾਂ ਕਰਕੇ ਖੇਤੀ ਲਈ ਪ੍ਰਯੋਗ ਕਰਨ, ਸੋਕ ਪਿੱਟ ਬਣਾਉਣ ਸਬੰਧੀ ਕੰਮ, ਸਿੰਚਾਈ ਸਾਧਨਾਂ ਸਬੰਧੀ ਕੰਮ, ਜ਼ਮੀਨ ਦਾ ਵਿਕਾਸ, ਹੜ੍ਹਾਂ ਦੀ ਰੋਕਥਾਮ, ਰੱਖ ਰਖਾਵ ਦੇ ਕੰਮ ਅਤੇ ਕੇਂਦਰ ਸਰਕਾਰ ਵੱਲੋ ਰਾਜ ਸਰਕਾਰ ਨਾਲ ਸਲਾਹ ਕਰਕੇ ਹੋਰ ਕਾਰਜ ਕਰਵਾਏ ਜਾਂਦੇ ਹਨ।